# ਰਾਜ ਵਿਦਿਅਕ ਖ਼ੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


(ਵੈਬਸਾਈਟ ਰਾਹੀਂ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ.)
ਸਮੂਹ ਪ੍ਰਿੰਸੀਪਲ ਡਾਇਟ
ਪੰਜਾਬ।

ਮੀਮੋ ਨੰ:DGSE-SSA0GENL/45/2022-SSA-DGSE/298355 ਮਿਤੀ: 10.02.2023

**ਵਿਸ਼ਾ:- 6ਵੀਂ ਤੋਂ 10ਵੀਂ ਜਮਾਤਾਂ ਲਈ Science Olympiad ਕਰਵਾਉਣ ਸੰਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ 6ਵੀਂ ਤੋਂ 10ਵੀਂ ਜਮਾਤਾਂ ਦੇ ਵਿਦਿਆਰਥੀਆਂ ਵਿੱਚ ਵਿਗਿਆਨ ਵਿਸ਼ੇ ਪ੍ਰਤੀ ਪਰਿਪੱਕਤਾ ਅਤੇ ਭਵਿੱਖ ਵਿੱਚ ਆਉਣ ਵਾਲੇ ਵਿਗਿਆਨ ਮੁਕਾਬਲਿਆਂ ਅਤੇ ਆਗਾਮੀ ਪ੍ਰੀਖਿਆਵਾਂ ਦੀ ਤਿਆਰੀ ਲਈ Science Olympiad ਕਰਵਾਇਆ ਜਾ ਰਿਹਾ ਹੈ।

**3.0** ਇਸ Science Olympiad ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 6ਵੀਂ ਤੋਂ 10ਵੀਂ ਦੇ ਸਾਰੇ ਵਿਦਿਆਰਥੀ ਭਾਗ ਲੈਣਗੇ ਅਤੇ ਹਰੇਕ ਜਮਾਤ ਲਈ Science Olympiad ਦਾ ਵੱਖਰਾ-ਵੱਖਰਾ Olympiad tool ਹੋਵੇਗਾ।

**4.0** Science Olympiad ਲਈ ਵਿਭਾਗ ਵੱਲੋਂ ਹਰੇਕ ਜਮਾਤ ਦੀ Olympiad tool ਦੀ Bilingual ਸਾਫਟਕਾਪੀ ਭੇਜੀ ਜਾਵੇਗੀ। ਇਸ ਸਾਫਟਕਾਪੀ ਤੋਂ ਲੋੜੀਂਦੀ ਗਿਣਤੀ ਵਿੱਚ ਸਕੂਲ ਪੱਧਰ ਤੇ printouts ਲੈ ਲਏ ਜਾਣਗੇ।

4.1. ਇਹ Olympiad ਮਿਤੀ 16-02-2023 ਨੂੰ ਸਵੇਰੇ 11.00 ਵਜੇ ਤੋਂ 12.00 ਤੱਕ (ਕੁੱਲ ਸਮਾਂ: ਇੱਕ ਘੰਟਾ) ਲਿਆ ਜਾਵੇਗਾ।

4.2. ਇਸ Science Olympiad ਦਾ ਨਤੀਜਾ ਮਿਤੀ 23-02-2023 ਤੱਕ ਸੰਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਮੁੱਖ ਦਫਤਰ ਦੀ ਈ-ਮੇਲ ਆਈ.ਡੀ. ppppscience2022@punjabeducation.gov.in ਤੇ ਭੇਜਿਆ ਜਾਵੇਗਾ। ਤਾਂ ਜੋ ਵਿਦਿਆਰਥੀਆਂ ਦੀ ਮੈਰਿਟ ਲਿਸਟ ਤਿਆਰ ਕੀਤੀ ਜਾ ਸਕੇ।

4.3 ਸਮੂਹ ਸਕੂਲਾਂ ਦਾ ਨਤੀਜਾ BNOs ਵੱਲੋਂ DM ICT ਦੇ ਸਹਿਯੋਗ ਨਾਲ ਸਕੂਲਾਂ ਤੋਂ ਇੱਕਤਰ ਕਰਨ ਉਪਰੰਤ ਕੰਪਾਈਲ ਕਰਕੇ ਹੈਡ ਆਫਿਸ ਨੂੰ ਭੇਜਿਆ ਜਾਵੇਗਾ। ਹਰੇਕ ਜ਼ਿਲ੍ਹੇ ਤੋਂ ਇੱਕ ਸ਼ੀਟ ਹੀ ਸਾਂਝੀ ਕੀਤੀ ਜਾਵੇਗੀ।

**5.0** ਇਸ Olympiad ਮੁਕਾਬਲੇ ਵਿੱਚ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਮੈਰਿਟ ਸਰਟੀਫਿਕੇਟ ਅਤੇ ਨਕਦ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ.** | **ਜਮਾਤ** | **ਗਿਣਤੀ** | **ਇਨਾਮ ਦਿੱਤੇ ਜਾਣ ਵਾਲੀ ਰਾਸ਼ੀ ਅਤੇ ਮੈਰਿਟ ਸਰਟੀਫਿਕੇਟ** |
|---|---|---|---|
| **1** | 6ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| **2** | 7ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| **3** | 8ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| **4** | 9ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| **5** | 10ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |

**6.0** ਇਸ ਮੁਕਾਬਲੇ ਵਿੱਚ ਜਮਾਤ 6ਵੀਂ ਤੋਂ 8ਵੀਂ ਤੱਕ 30 MCQs ਅਤੇ ਜਮਾਤ 9ਵੀਂ ਤੋਂ 10ਵੀਂ ਤੱਕ 35 MCQs ਹੋਣਗੇ।

**7.0** ਇਸ Olympiad ਵਿੱਚ ਪੁੱਛੇ ਜਾਣ ਵਾਲੇ ਪ੍ਰਸ਼ਨ Multiple Choice ਹੋਣਗੇ ਅਤੇ ਹਰ ਸਹੀ ਉੱਤਰ ਲਈ ਇੱਕ ਅੰਕ ਦਿੱਤਾ ਜਾਵੇਗਾ ਅਤੇ negative marking ਨਹੀਂ ਹੋਵੇਗੀ।

**8.0** Science Olympiad ਦੇ ਪ੍ਰਸ਼ਨ ਜਮਾਤ ਦੇ ਸਿਲੇਬਸ ਅਧਾਰਿਤ learning outcomes ਅਤੇ ਮਾਨਸਿਕ ਯੋਗਤਾ ਤੇ ਅਧਾਰਿਤ ਹੋਣਗੇ।

**9.0** ਮੁੱਖ ਦਫਤਰ ਵੱਲੋਂ ਇਸ Science Olympiad ਸੰਬੰਧੀ ਪ੍ਰਸ਼ਨ ਪੱਤਰਾਂ ਦੀ ਸਾਫਟ ਕਾਪੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)ਦੇ ਮੋਬਾਇਲ ਤੇ ਇੱਕ ਦਿਨ ਪਹਿਲਾਂ ਭੇਜੀ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪ੍ਰਸ਼ਨ ਪੱਤਰਾਂ ਦੀ ਸਾਫਟ ਕਾਪੀਆਂ ਸਬੰਧਤ ਸਕੂਲ ਮੁਖੀਆਂ ਨਾਲ ਮਿਤੀ 16-02-2023 ਨੂੰ ਸਵੇਰੇ ਸਾਂਝੀ ਕਰਨਗੇ। ਸਕੂਲ ਮੁਖੀ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਸ਼ਨ ਪੱਤਰਾਂ ਦੀ ਪ੍ਰੀਟਿੰਗ ਕਰਵਾਈ ਜਾਣੀ ਯਕੀਨੀ ਬਣਾਉਣਗੇ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਸਕੂਲ ਮੁਖੀਆਂ ਵੱਲੋਂ ਪ੍ਰਸ਼ਨ ਪੱਤਰਾਂ ਦੀ ਗੁਪਤਤਾ ਯਕੀਨੀ ਬਣਾਈ ਜਾਵੇ।

**10.0** Olympiad ਦੇ ਪ੍ਰਸ਼ਨ ਪੱਤਰ ਪ੍ਰਿੰਟ ਕਰਵਾਉਣ ਲਈ ਸਮੂਹ ਜ਼ਿਲ੍ਹਿਆਂ ਨੂੰ ਮੁੱਖ ਦਫਤਰ ਵੱਲੋਂ ਹੇਠ ਲਿਖੇ ਅਨੁਸਾਰ 10 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਰਾਸ਼ੀ ਭੇਜੀ ਜਾ ਰਹੀ ਹੈ:

| District | 6th to 8th | FINANCIAL at RS. 10 PER CHILD | 9th to 10th | FINANCIAL at RS. 10 PER CHILD | Total |
|---|---|---|---|---|---|
| AMRITSAR | 52329 | 523290 | 31453 | 314530 | 837820 |
| BARNALA | 13368 | 133680 | 8700 | 87000 | 220680 |
| BATHINDA | 36568 | 365680 | 21768 | 217680 | 583360 |
| FARIDKOT | 15825 | 158250 | 9590 | 95900 | 254150 |
| FATEHGARH SAHIB | 12859 | 128590 | 8054 | 80540 | 209130 |
| FAZILKA | 38094 | 380940 | 23138 | 231380 | 612320 |
| FEROZEPUR | 25817 | 258170 | 14845 | 148450 | 406620 |
| GURDASPUR | 35331 | 353310 | 24359 | 243590 | 596900 |
| HOSHIARPUR | 34444 | 344440 | 21998 | 219980 | 564420 |
| JALANDHAR | 41010 | 410100 | 25500 | 255000 | 665100 |
| KAPURTHALA | 16210 | 162100 | 9695 | 96950 | 259050 |
| LUDHIANA | 68426 | 684260 | 40299 | 402990 | 1087250 |
| MALERKOTLA | 7978 | 79780 | 5007 | 50070 | 129850 |
| MANSA | 21485 | 214850 | 14401 | 144010 | 358860 |
| MOGA | 24364 | 243640 | 14286 | 142860 | 386500 |
| MUKTSAR | 26517 | 265170 | 15945 | 159450 | 424620 |
| PATHANKOT | 12771 | 127710 | 9179 | 91790 | 219500 |
| PATIALA | 45483 | 454830 | 29537 | 295370 | 750200 |
| ROOPNAGAR | 15449 | 154490 | 10057 | 100570 | 255060 |
| S.B.S. NAGAR | 12847 | 128470 | 8072 | 80720 | 209190 |
| SANGRUR | 28163 | 281630 | 18765 | 187650 | 469280 |
| SAS NAGAR | 25095 | 250950 | 14057 | 140570 | 391520 |
| TARN TARAN | 31472 | 314720 | 18588 | 185880 | 500600 |
| Grand Total | **641905** | **6419050** | **397293** | **3972930** | **10391980** |

**ਸ਼ਬਦਾ ਵਿਚ ਕੁੱਲ ਰਾਸ਼ੀ: ਇੱਕ ਕਰੋੜ ਤਿੰਨ ਲੱਖ ਇਕਾਨਵੇਂ ਹਜਾਰ ਨੌ ਸੌ ਅੱਸੀ ਰੁਪਏ ਕੇਵਲ**

**11.0** ਇਸ Science Olympiad ਦਾ ਸੰਚਾਲਨ ਸਮੂਹ DEO(SE) ਦੀ ਦੇਖ-ਰੇਖ ਵਿੱਚ ਕੀਤਾ ਜਾਵੇਗਾ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਇਸ ਮੁਕਾਬਲੇ ਦੀ ਮੋਨੀਟਰਿੰਗ ਲਈ ਉਪ ਜ਼ਿਲ੍ਹਾ ਸਿੱਖਿਆ ਅਫਸਰ , ਪ੍ਰਿੰਸੀਪਲ ਡਾਇਟ ਅਤੇ BNOs ਦੀ ਡਿਊਟੀ ਲਗਾਈ ਜਾਵੇਗੀ।

**12.0** ਨਤੀਜੇ ਦੀ ਸਹੀ ਚੋਣ ਲਈ Science Olympiad ਨੂੰ ਸੰਜੀਦਗੀ ਨਾਲ ਕਰਵਾਇਆ ਜਾਵੇ ਜੀ।

**(ਵਿਨੇ ਬੁਬਲਾਨੀ, ਆਈ.ਏ.ਐਸ.)**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰਬਰ: ਉੱਕਤ ਮਿਤੀ10.02.2023

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ DEO(SE) ਅਤੇ ਸਮੂਹ ਸਕੂਲ ਮੁੱਖੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

**ਸਹਾਇਕ ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**